## ਸਾਡੀਆਂ ਸੇਵਾਵਾਂ

- ਬੱਚਿਆਂ ਅਤੇ ਪਰਿਵਾਰਾਂ ਲਈ ਢੁਕਵੇਂ ਵਸੀਲਿਆਂ ਬਾਰੇ ਜਾਣਕਾਰੀ **ਸਾਂਝੀ** ਕਰਨਾ
- ਸੇਵਾਵਾਂ ਲੈਣ ਵਿਚ ਪਰਿਵਾਰਾਂ ਦੀ **ਮਦਦ** ਕਰਨਾ
- ਤੁਹਾਡੇ ਬੱਚੇ ਦੇ ਵਿਕਾਸ ਦਾ ਅਗੇਤਾ ਅਨੁਮਾਨ **ਲਾਉਣਾ**
- ਅਗੇਤੀ ਦਖਲਅੰਦਾਜ਼ੀ ਅਤੇ ਪਛਾਣ ਰਾਹੀਂ ਪਰਿਵਾਰਾਂ ਦੀ **ਮਦਦ** ਕਰਨਾ
- ਛੋਟੇ ਬੱਚਿਆਂ ਦੇ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਲਈ **ਸਿੱਖਿਆ** ਗਰੁੱਪ
- ਸਾਰੇ ਪਰਿਵਾਰ ਲਈ ਸਨਿੱਚਰਵਾਰ ਨੂੰ ਪਰਿਵਾਰਾਂ ਦੇ ਇਕੱਠ ਦੇ ਪ੍ਰੋਗਰਾਮ ਰਾਹੀਂ ਪਰਿਵਾਰਾਂ ਨੂੰ ਮਜ਼ਬੂਤ **ਬਣਾਉਣਾ**
- ਬੱਚੇ ਪਾਲਣ ਦੀਆਂ ਅਸਰਦਾਰ ਜੁਗਤਾਂ ਸਿੱਖਣ ਵਿਚ ਮਾਪਿਆਂ ਦੀ **ਮਦਦ** ਕਰਨਾ

## ਸੰਪਰਕ ਕਰਨ ਲਈ ਜਾਣਕਾਰੀ

ਕਿਸੇ ਵਲੋਂ ਭੇਜੇ ਜਾਣ ਦੀ ਲੋੜ ਨਹੀਂ ਹੈ, ਅਸੀਂ ਉਨ੍ਹਾਂ ਸਾਰਿਆਂ ਦਾ ਸੁਆਗਤ ਕਰਦੇ ਹਾਂ ਜਿਹੜੇ ਆਉਂਦੇ ਹਨ ਜਾਂ ਸਾਡੇ ਤੱਕ ਈਮੇਲ, ਟੈਕਸਟ ਜਾਂ ਫੋਨ ਰਾਹੀਂ ਪਹੁੰਚ ਕਰਦੇ ਹਨ।

ਫੋਨ: 604-619-9488
ਈਮੇਲ: earlyyears@the-centre.org
ਐਡਰੈਸ: 204-7327 137 Street
Surrey, BC V3W 1A4
(ਬੂਹਾ ਸੇਵ-ਔਨ-ਫੂਡਜ਼ ਦੇ ਨਾਲ ਹੈ)

## ਖਰਚਾ

ਸਾਰੀਆਂ ਸੇਵਾਵਾਂ ਮੁਫਤ ਅਤੇ ਗੁਪਤ ਹਨ

THE Centre FOR CHILD DEVELOPMENT
Sophie's place

sources
EARLY CHILDHOOD DEVELOPMENT SERVICES

BRITISH COLUMBIA
Supported by the Province of British Columbia

[Punjabi]

# EARLY YEARS HUB

## ਅਰਲੀ ਯੀਅਰਜ਼ ਹੱਬ

**ਪਰਿਵਾਰਾਂ ਅਤੇ ਉਨ੍ਹਾਂ ਦੇ 0 ਤੋਂ 6 ਸਾਲ ਦੇ ਬੱਚਿਆਂ ਲਈ ਵਸੀਲੇ ਅਤੇ ਸਿੱਖਿਆ ਪ੍ਰਦਾਨ ਕਰਨਾ।**



# ਸਾਡੇ ਅਤੇ ਸਾਡੇ ਮੰਤਵ ਬਾਰੇ

## ਸੈਂਟਰ ਫਾਰ ਚਾਇਲਡ ਡਿਵੈਲਪਮੈਂਟ

ਬੀ ਸੀ ਵਿਚ ਬੱਚਿਆਂ ਦੇ ਵਿਕਾਸ ਲਈ ਸਭ ਤੋਂ ਵੱਡਾ ਸੈਂਟਰ ਹੈ। ਸਾਲ 1953 ਤੋਂ ਲੈ ਕੇ, ਸੈਂਟਰ ਨੇ ਖਾਸ ਲੋੜਾਂ ਵਾਲੇ ਬੱਚਿਆਂ ਦੀ ਆਪਣੀ ਸਮਰੱਥਾ 'ਤੇ ਪਹੁੰਚਣ ਵਿਚ ਮਦਦ ਕੀਤੀ ਹੈ।

## ਸੋਰਸਿਜ਼ ਇਨਫੈਂਟ ਡਿਵੈਲਪਮੈਂਟ ਪ੍ਰੋਗਰਾਮ

ਵਿਕਾਸ ਵਿਚ ਦੇਰੀ ਦੇ ਖਤਰੇ ਦਾ ਸਾਮ੍ਹਣਾ ਕਰ ਰਹੇ 3-0 ਸਾਲ ਦੇ ਬੱਚਿਆਂ ਵਾਲੇ ਪਰਿਵਾਰਾਂ ਦੀ ਮਦਦ ਕਰਨ ਲਈ ਇਕ ਮੁਫਤ, ਘਰ ਵਿਚ ਫੇਰੀਆਂ ਪਾਉਣ ਦਾ ਵਾਲੰਟੀਅਰੀ ਪ੍ਰੋਗਰਾਮ ਹੈ।

**ਰਲ ਕੇ, ਸਾਡਾ ਮੰਤਵ 6-0 ਸਾਲ ਦੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮੁਫਤ, ਪਰਿਵਾਰ ਕੇਂਦਰਿਤ ਸੇਵਾਵਾਂ ਅਤੇ ਮਦਦ ਦੇਣਾ ਹੈ।**

## ਅਰਲੀ ਲਰਨਿੰਗ ਫੈਮਿਲੀ ਐਂਡ ਚਾਇਲਡ ਪ੍ਰੋਗਰਾਮਜ਼

- ਇਕ ਮੁਫਤ, ਦੋਸਤਾਨਾ, ਸੁਆਗਤ ਕਰਨ ਵਾਲਾ ਮਾਹੌਲ ਜਿੱਥੇ ਬੱਚੇ (ਜਨਮ ਤੋਂ 6 ਸਾਲ ਦੀ ਉਮਰ ਤੱਕ) ਅਤੇ ਉਨ੍ਹਾਂ ਦੇ ਮਾਪੇ/ਸੰਭਾਲ ਕਰਨ ਵਾਲਾ ਆ ਕੇ ਖੇਡ ਸਕਦੇ ਹਨ, ਪੜ੍ਹ ਸਕਦੇ ਹਨ, ਮੇਲਜੋਲ ਕਰ ਸਕਦੇ ਹਨ ਅਤੇ ਨਵੇਂ ਦੋਸਤ ਬਣਾ ਸਕਦੇ ਹਨ।
- ਅਸੀਂ ਮਾਪੇਪੁਣੇ, ਬੱਚੇ ਦੇ ਵਿਕਾਸ ਜਾਂ ਬੱਚਿਆਂ ਦੀ ਸਿਹਤ ਅਤੇ ਸੁਰੱਖਿਆ ਨਾਲ ਸੰਬੰਧਿਤ ਉਨ੍ਹਾਂ ਦੀਆਂ ਲੋੜਾਂ ਮੁਤਾਬਕ ਮਦਦ, ਵਸੀਲੇ ਅਤੇ ਪ੍ਰੋਗਰਾਮ ਲੱਭਣ ਵਿਚ ਪਰਿਵਾਰਾਂ ਦੀ ਮਦਦ ਕਰਦੇ ਹਾਂ।
- ਕਰਾਫਟਸ ਅਤੇ ਸਰਗਰਮੀਆਂ ਨਾਲ ਪਰਿਵਾਰਾਂ ਦੇ ਸਨਿੱਚਰਵਾਰ ਨੂੰ ਇਕੱਠ।
- ਪੜ੍ਹਾਈ ਅਤੇ ਮਦਦ ਲਈ ਗਰੁੱਪ।



## ਮੁਫਤ ਬਿਨਾਂ ਦੱਸੇ ਆਉਣ ਦੇ ਗਰੁੱਪ

- ਇਹ ਗਰੁੱਪ ਅਗੇਤੇ ਬਚਪਨ ਵਿਚ ਸਿੱਖਿਆ ਦਾ ਖੇਡ ਆਧਾਰਿਤ ਤਜਰਬਾ ਪ੍ਰਦਾਨ ਕਰਦੇ ਹਨ।
- ਇਨ੍ਹਾਂ ਗਰੁੱਪਾਂ ਵਿਚ ਆਉਣ ਲਈ ਕੋਈ ਅਪੌਇੰਟਮੈਂਟ ਜਾਂ ਰਜਿਸਟਰੇਸ਼ਨ ਦੀ ਲੋੜ ਨਹੀਂ ਹੈ।
- ਡਰੌਪ-ਇਨ ਗਰੁੱਪ, ਅਰਲੀ ਯੀਅਰ ਹੱਬ ਵਿਚ ਲਗਾਏ ਜਾਂਦੇ ਹਨ।

